RBSK CIVIL SURGEON OFFICE, BATHINDA
Ph. 0164-2240144 Email: schbtd@gmail.com

2023/39727
18/10/2023

ਵੱਲ

ਸਿਵਲ ਸਰਜਨ, ਬਠਿੰਡਾ।

ਵੱਲ

ਜਿਲ੍ਹਾ ਸਿੱਖਿਆ ਅਫਸਰ,(ਐਲੀਮੈਂਟਰੀ), ਬਠਿੰਡਾ।
ਜਿਲ੍ਹਾ ਸਿੱਖਿਆ ਅਫਸਰ,(ਸੈਕੰਡਰੀ), ਬਠਿੰਡਾ।

ਨੰ. ਆਰ.ਬੀ.ਐਸ.ਕੇ/2023/ 657-58 ਮਿਤੀ:- 17/10/2023

ਵਿਸ਼ਾ:- WIFS ਪ੍ਰੋਗਰਾਮ ਅਧੀਨ ਸਕੂਲੀ ਬੱਚਿਆਂ ਨੂੰ IFA ਦੇਣ ਸਬੰਧੀ।
ਹਵਾਲਾ:- ਮਿਤੀ 16/10/2023 ਨੂੰ ਹੋਈ ਜਿਲ੍ਹਾ ਪੱਧਰੀ VC(ਟ੍ਰੇਨਿੰਗ)ਸਬੰਧੀ।

ਉਪਰੋਕਤ ਹਵਾਲੇ ਅਧੀਨ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਸਿਹਤ ਵਿਭਾਗ ਵੱਲੋਂ WIFS ਪ੍ਰੋਗਰਾਮ ਅਧੀਨ ਜਿਲ੍ਹਾ ਬਠਿੰਡਾ ਦੇ ਸਮੂਹ ਸਰਕਾਰੀ ਅਤੇ ਸਰਕਾਰੀ ਏਡੀਡ ਸਕੂਲਾਂ ਵਿੱਚ ਪੜ੍ਹਦੇ ਪਹਿਲੀ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਵਿੱਚ ਖੂਨ ਦੀ ਕਮੀ ਨੂੰ ਪੂਰਾ ਕਰਨ ਲਈ ਹੇਠ ਲਿਖੇ ਅਨੁਸਾਰ IFA ਦੀਆਂ ਗੋਲੀਆਂ ਦੀ ਨਿਰਵਿਘਨ ਸਪਲਾਈ ਕੀਤੀ ਜਾ ਰਹੀ ਹੈ।

| ਲੜੀ ਨੰ. | ਜਮਾਤ | IFA ਗੋਲੀ | ਡੋਜ਼ |
|---|---|---|---|
| 1 | ਪਹਿਲੀ ਤੋਂ 5ਵੀਂ ਤੱਕ ਦੇ ਵਿਦਿਆਰਥੀਆਂ ਲਈ | IFA ਦੀ ਗੁਲਾਬੀ ਰੰਗ ਦੀ ਛੋਟੀ ਗੋਲੀ (45 mg elemental Iron + 400 mcg Folic Acid | 1 ਗੋਲੀ ਹਰ ਬੁੱਧਵਾਰ (ਦੁਪਹਿਰ ਦੇ ਖਾਣੇ ਤੋਂ ਬਾਦ) |
| 2 | 6ਵੀਂ ਤੋਂ 12ਵੀਂ ਤੱਕ ਦੇ ਵਿਦਿਆਰਥੀਆਂ ਲਈ | IFA ਦੀ ਨੀਲੇ ਰੰਗ ਦੀ ਵੱਡੀ ਗੋਲੀ (60 mg elemental Iron + 500 mcg Folic Acid | 1 ਗੋਲੀ ਹਰ ਬੁੱਧਵਾਰ (ਦੁਪਹਿਰ ਦੇ ਖਾਣੇ ਤੋਂ ਬਾਦ) |

ਸੋ, ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਵੱਲੋਂ ਇਹ ਨਿਸ਼ਚਿਤ ਕੀਤਾ ਜਾਵੇ ਕਿ ਜਿਲ੍ਹਾ ਬਠਿੰਡਾ ਦੇ ਸਾਰੇ ਸਕੂਲਾਂ ਵਿੱਚ ਲੋੜੀਂਦੀ ਦਵਾਈ ਮੌਜੂਦ ਹੋਵੇ ਅਤੇ ਸਕੂਲ ਮੁੱਖੀ WIFS ਦੀਆਂ ਹਦਾਇਤਾਂ ਅਨੁਸਾਰ ਸਾਰੇ ਬੱਚਿਆਂ ਨੂੰ ਗੋਲੀ ਖੁਆਉਣਾ ਯਕੀਨੀ ਬਣਾਉਣ। ਇਥੇ ਆਪ ਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਗੋਲੀਆਂ ਦੀ ਨਿਰਵਿਘਨ ਸਪਲਾਈ ਲਈ ਬਲਾਕ ਸਿੱਖਿਆ ਅਫਸਰ ਗੋਲੀਆਂ ਦੀ ਮੰਗ ਸਟਾਕ ਖਤਮ ਹੋਣ ਤੋਂ 2 ਮਹੀਨੇ ਪਹਿਲਾਂ ਹੀ ਨਿਮਨ ਹਸਤਾਖਰ ਨੂੰ ਭੇਜਣਾ ਯਕੀਨੀ ਬਣਾਉਣ ਤਾਂ ਜੋ IFA ਦੀ ਸਪਲਾਈ ਸਮੇਂ ਸਿਰ ਕੀਤੀ ਜਾ ਸਕੇ।

ਸਿਵਲ ਸਰਜਨ, ਬਠਿੰਡਾ।

**ਦਫਤਰ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ) ਬਠਿੰਡਾ**

**ਪਿਠ ਅੰਕਣ ਨੰ:ਜੀ-1/1 ( )2023** 6030 **ਮਿਤੀ: 23/10/2023**

**ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ , ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।**

23/10/23
ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:)
ਬਠਿੰਡਾ